**ਪੰਜਾਬ ਸਕੂਲ ਸਿੱਖਿਆ ਬੋਰਡ**

**ਵੱਲੋਂ**

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ,
ਐੱਸ. ਏ. ਐੱਸ. ਨਗਰ(ਮੁਹਾਲ਼ੀ)।

**ਵੱਲ**

ਸਮੂਹ ਡੀ. ਈ. ਓਜ਼. (ਸੈਕੰਡਰੀ)/ ਸਮੂਹ ਪ੍ਰਿੰਸੀਪਲਜ਼,
ਸਿੱਖਿਆ ਵਿਭਾਗ,
ਪੰਜਾਬ ਸਰਕਾਰ।

ਹਵਾਲਾ : ਪੱਤਰ ਨੰ:ਪਸਸਬ-ਗਸ ਖਸ- 40/2018 ਮਿਤੀ: 26/4/2018

**ਨੰ: ਪਸਸਬ-ਗਸ ਖਸ** 64 **ਮਿਤੀ:** 11/6/2018

**ਵਿਸ਼ਾ:** 11ਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਹਿਊਮੈਨਿਟੀਜ਼ ਗਰੁੱਪ ਵਿੱਚ ਐੱਨ.ਐੱਸ.ਕਿਊ.ਐੱਫ਼. ਦੇ ਦਾਖਲੇ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਮੂਹ ਡੀ. ਈ .ਓਜ਼./ ਸਮੂਹ ਪ੍ਰਿੰਸੀਪਲਜ਼ ਨੂੰ ਦੁਬਾਰਾ ਫਿਰ ਹਿਦਾਇਤ ਕੀਤੀ ਜਾਂਦੀ ਹੈ ਕਿ ਸਾਲ 2018-19 ਲਈ 11ਵੀਂ ਜਮਾਤ ਦੇ ਵਿਦਿਆਰਥੀ ਜੋ ਹਿਓਮੈਂਟੀਜ਼ ਗਰੁੱਪ ਤੋ ਇਲਾਵਾ ਬਾਕੀ ਅਕਾਦਮਿਕ ਸਟਰੀਮ ਦੇ ਗਰੁੱਪਾਂ (ਸਾਇੰਸ/ ਕਾਮਰਸ/ ਐਗਰੀਕਲਚਰ) ਅਤੇ ਵੋਕੇਸ਼ਨਲ ਸਟਰੀਮ ਦੇ ਸਾਰੇ ਗਰੁੱਪਾਂ ਵਿੱਚ ਦਾਖ਼ਲਾ ਲੈਣਗੇ, ਉਹ ਵਿਦਿਆਰਥੀ 10+1 ਜਮਾਤ ਵਿੱਚ ਐੱਨ.ਐੱਸ.ਕਿਊ.ਐੱਫ਼ ਦਾ ਵਿਸ਼ਾ ਨਹੀਂ ਲੈ ਸਕਦੇ ਹਨ। ਜੋ ਵਿਦਿਅਰਥੀ ਹਿਊਮੈਨਿਟੀਜ਼ ਗਰੁੱਪ ਦੀ 10+1 ਜਮਾਤ ਵਿੱਚ ਦਾਖਲਾ ਲੈਣਗੇ ਕੇਵਲ ਉਹੀ ਵਿਦਿਆਰਥੀ 10+1 ਵਿੱਚ ਐੱਨ.ਐੱਸ.ਕਿਊ.ਐੱਫ਼ ਸਕੀਮ ਅਧੀਨ ਦਾਖਲਾ ਲੈ ਸਕਦੇ ਹਨ।

ਸਾਲ 2018-19 ਦੌਰਾਨ ਜੋ ਵਿਦਿਆਰਥੀ12ਵੀਂ ਜਮਾਤ ਵਿੱਚ ਐੱਨ.ਐੱਸ.ਕਿਊ.ਐੱਫ਼ ਪੜ੍ਹ ਰਹੇ ਹਨ,ਇਹਨਾਂ ਵਿਦਿਆਰਥੀਆਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਐੱਨ.ਐੱਸ.ਕਿਊ.ਐੱਫ਼ ਦੇ ਪੇਪਰ ਲਵੇਗਾ। ਸਾਲ 2018-19 ਦੌਰਾਨ 10+1 ਜਮਾਤ ਹਿਊਮੈਨਿਟੀਜ਼ ਗਰੁੱਪ ਤੋਂ ਬਿਨਾਂ ਜੇਕਰ ਐੱਨ.ਐੱਸ.ਕਿਊ.ਐੱਫ਼ ਵਿੱਚ ਦਾਖ਼ਲਾ ਦਿੱਤਾ ਜਾਂਦਾ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈਸਿ) ਅਤੇ ਸੰਬੰਧਿਤ ਪ੍ਰਿੰਸੀਪਲ ਦੀ ਹੋਵੇਗੀ।

ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਭਵਿਖ ਵਿੱਚ ਕੇਵਲ ਤੇ ਕੇਵਲ ਹਿਊਮੈਨੀਟੀਜ ਗਰੁੱਪ ਨਾਲ ਸੰਬੰਧਿਤ ਵਿਦਿਆਰਥੀ ਹੀ ਐੱਨ.ਐੱਸ.ਕਿਊ.ਐੱਫ਼ ਵਿੱਚ ਦਾਖਲਾ ਲੈ ਸਕਦੇ ਹਨ।

Ramluthaya
11/6/2018
ਡਿਪਟੀ ਡਾਇਰੈਕਟਰ(ਫ਼ੀ. ਪ੍ਰੋ)
ਵਾ: ਸੱਕਤਰ ਪੰਜਾਬ ਸਕੂਲ ਸਿੱਖਿਆ ਬੋਰਡ